# ਬੱਲੇ ਬੱਲੇ ਗੁਫ਼ਾ ਦੇ ਵਿੱਚ, ਰੱਬ ਵੱਸਦਾ

ਬੱਲੇ ਬੱਲੇ

ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥
ਜੇਹਨੂੰ, ਆਖਣ ਪੌਣਾਹਾਰੀ,
ਤੇ ਕੋਈ, ਕਹਿੰਦਾ ਦੁੱਧਾਧਾਰੀ,
ਸਾਰਾ ਹੀ, ਜਹਾਨ ਦੱਸਦਾ,
ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥

ਓਹ ਸ਼ਿਵ ਜੀ ਦੀ, ਅੱਖ ਦਾ ਤਾਰਾ,
"ਲੱਛਮੀ, ਮਾਂ ਦਾ ਜ਼ਾਇਆ" । ( ਭਗਤੋ )
ਜੂਨਾਂ ਗੜ੍ਹ ਵਿੱਚ, ਪ੍ਰਗਟ ਹੋ ਕੇ,
"ਆਪਣਾ, ਨੂਰ ਖ਼ਿਲਾਇਆ" ॥ ( ਭਗਤੋ )
ਜੇਹੜਾ, ਬਾਬਾ ਜੀ ਨੂੰ ਚਾਹਵੇ,
ਓਹਨੂੰ, ਦੁੱਖ ਕੋਈ ਨਾ ਆਵੇ,
ਓਹ, ਓਹਦੇ ਦਰੋਂ, ਆਵੇ ਹੱਸਦਾ,
ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥

ਦਿਤਾਤਾਰਾ ਜੀ ਨੂੰ, ਗੁਰੂ ਬਣਾ ਕੇ,
"ਸ਼ਾਹ, ਤਲਾਈਆਂ ਆਇਆ" । ( ਭਗਤੋ )
ਮਾਂ ਰਤਨੋ ਦਾ, ਪੁੱਤਰ ਬਣ ਕੇ,
"ਗਊਆਂ, ਨੂੰ ਚਰਵਾਇਆ" ॥ ( ਭਗਤੋ )
ਓਹਨੂੰ, ਪੂਜਣ ਲੋਕੀਂ ਸਾਰੇ,
ਜਾਵਾਂ, ਸ਼ਕਤੀ ਤੋਂ ਬਲਿਹਾਰੇ,
ਦੀਵਾਨਾ, ਮੈਂ ਵੀ, ਓਹਦੇ ਜੱਸ ਦਾ,
ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥

ਸ਼ਿਵ ਸ਼ੰਕਰ ਦੀ, ਪੂਜਾ ਕਰਕੇ,
"ਵੱਡਾ, ਰੁਤਬਾ ਪਾਇਆ" । ( ਭਗਤੋ )
ਤਾਹੀਓਂ, ਗੋਰਖ ਦੇ ਘੇਰੇ ਚੋਂ,
"ਮਾਰ, ਉੱਡਾਰੀ ਆਇਆ" ॥ ( ਭਗਤੋ )
ਪਰਬਤ, ਧੌਲਗਿਰੀ ਤੇ ਆ ਕੇ,
ਬਹਿ ਗਿਆ, ਗੁਫ਼ਾ 'ਚ ਆਸਣ ਲਾ ਕੇ,
ਜੋ, ਭੇਦ, ਜਾਣੇ ਨੱਸ ਨੱਸ ਦਾ,
ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥

ਓਹ ਦਰ ਐਸਾ, ਘਰ ਹੈ ਭਗਤੋ,
"ਜੋ, ਸਭਨਾਂ ਲਈ ਖੁੱਲ੍ਹਾ" । ( ਭਗਤੋ )

ਤਾਹੀਓਂ ਉਸ ਦੀ ਮਹਿਮਾ ਗਾਉਂਦਾ,
"ਸਰਹਾਲੇ ਦਾ ਘੁੱਲ੍ਹਾ" । ( ਭਗਤੋ )
ਓਹਦੀ, ਜੈ ਜੈਕਾਰ ਬੁਲਾਈਏ,
ਸਾਰੇ, ਮੂੰਹ ਮੰਗੇ ਫ਼ਲ ਪਾਈਏ,
ਏਹਦੇ 'ਚ, ਸਾਡਾ, ਕੀ ਘੱਸਦਾ,
ਓ ਬੱਲੇ ਬੱਲੇ / ਓ ਛਾਵਾ ਛਾਵਾ,
ਗੁਫ਼ਾ ਦੇ ਵਿੱਚ, ਰੱਬ ਵੱਸਦਾ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33423/title/Balle-Balle-Guffa-De-Wich-Rabb-Vasda

अपने Android मोबाइल पर BhajanGanga App डाउनलोड करें और भजनों का आनंद ले |